# ਪੰਜਾਬ ਸਕੂਲ ਸਿੱਖਿਆ ਬੋਰਡ

## ਪ੍ਰੈਸ ਨੋਟ

### ਬੋਰਡ ਵੱਲੋਂ 9ਵੀਂ ਤੋਂ ਬਾਰ੍ਹਵੀਂ ਤੱਕ ਦੀ ਰਜਿਸਟ੍ਰੇਸ਼ਨ ਤੇ ਕੰਟੀਨਿਊਸ਼ਨ ਦੇ ਸ਼ਡਿਊਲ 'ਚ ਵਾਧਾ

ਐਸ.ਏ.ਐਸ.ਨਗਰ 09 ਅਗਸਤ ( ) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਬੁਲਾਰੇ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਾਰੇ ਸਕੂਲਾਂ ਲਈ ਸਾਲ/ਸੈਸ਼ਨ 2018-19 ਵਿੱਚ ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਦੀਆਂ ਮਿਤੀਆਂ ਦਾ ਸ਼ਡਿਊਲ ਅਤੇ ਹਦਾਇਤਾਂ ਜੋ ਕਿ 19 ਜੁਲਾਈ ਨੂੰ ਜਾਰੀ ਕੀਤੀਆਂ ਗਈਆਂ ਸਨ, ਵਿੱਚ ਵਾਧਾ ਕੀਤਾ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸਬੰਧਤ ਸਕੂਲ ਹੁਣ ਬੋਰਡ ਵੱਲੋਂ ਨਵੀਆਂ ਜਾਰੀ ਰਜਿਸਟਰੇਸ਼ਨ/ਕੰਟੀਨਿਊਏਸ਼ਨ ਰਿਟਰਨ ਭਰਨ ਸਬੰਧੀ ਹਦਾਇਤਾਂ ਮੁਤਾਬਿਕ ਹੀ ਆਨਲਾਈਨ ਐਂਟਰੀ ਕਰਨ । ਫਾਈਨਲ ਪ੍ਰਿੰਟ ਦੀ ਕਾਪੀ (ਸਮੇਤ ਦਸਤਾਵੇਜ਼) ਵੀ ਨਵਨਿਰਧਾਰਿਤ ਸ਼ਡਿਊਲ ਮੁਤਾਬਿਕ ਸਬੰਧਤ ਬੋਰਡ ਦੇ ਖੇਤਰੀ ਦਫਤਰ ਵਿੱਚ ਜਮ੍ਹਾਂ ਕਰਵਾਈ ਜਾਵੇ।

ਬੁਲਾਰੇ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਜਿਸਟ੍ਰੇਸ਼ਨ/ਕੰਟੀਨਿਊਏਸ਼ਨ ਦੀ ਮੁੱਖ ਰਿਟਰਨ ਬਿਨਾਂ ਲੇਟ ਫੀਸ ਨਾਲ ਫਾਰਮ ਅਨੁਸਾਰ ਬਣਦੀ ਫੀਸ ਦੀ ਆਨਲਾਈਨ ਐਂਟਰੀ ਅਤੇ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ ਜੋ ਕਿ ਪਹਿਲਾਂ 29 ਅਗਸਤ ਨਿਰਧਾਰਤ ਸੀ, ਹੁਣ 06 ਸਤੰਬਰ ਹੋਵੇਗੀ ਅਤੇ ਫੀਸ ਚਲਾਨ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਜੋ ਪਹਿਲਾਂ 06 ਸਤੰਬਰ ਨਿਰਧਾਰਤ ਸੀ, ਹੁਣ 13.09.2018 ਹੋਵੇਗੀ। ਲੇਟ ਫੀਸ ਨਾਲ ਆਨਲਾਈਨ ਐਂਟਰੀ ਅਤੇ ਫ਼ੀਸ ਚਲਾਨ ਜਨਰੇਟ ਕਰਨ ਅਤੇ ਫ਼ੀਸ ਚਲਾਨ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀਆਂ ਆਖਰੀ ਮਿਤੀਆਂ ਪਹਿਲਾਂ ਜਾਰੀ ਸ਼ਡਿਊਲ ਮੁਤਾਬਕ ਹੀ ਰਹਿਣਗੀਆਂ।

ਬੁਲਾਰੇ ਵੱਲੋਂ ਇਹ ਵੀ ਦੱਸਿਆ ਗਿਆ ਕਿ ਕੇਵਲ ਦੂਜੇ ਰਾਜਾਂ ਜਾਂ ਬੋਰਡਾਂ ਤੋਂ ਆਏ ਵਿਦਿਆਰਥੀਆਂ ਦੀ ਰਿਟਰਨ ਦੇ ਫਾਈਨਲ ਪ੍ਰਿੰਟ ਅਤੇ ਚਾਲਾਨ ਸਬੰਧੀ ਅਸਲ ਦਸਤਾਵੇਜ਼ਾਂ ਦੀ ਕਾਪੀ ਬੋਰਡ ਦੇ ਖੇਤਰੀ ਦਫ਼ਤਰਾਂ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ ਵਿੱਚ ਕੋਈ ਤਬਦੀਲੀ ਨਹੀਂ ਕੀਤੀ ਗਈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਹ ਸੂਚਨਾ ਸਕੂਲਾਂ ਦੀ Login Id ਅਤੇ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲੱਬਧ ਹੈ। ਵਿਸਥਾਰ ਸਹਿਤ ਜਾਣਕਾਰੀ School Login ਅਤੇ ਬੋਰਡ ਦੀ ਵੈਬਸਾਈਟ www.pseb.ac.in/registration-section ਤੋਂ ਲਈ ਜਾ ਸਕਦੀ ਹੈ।

ਮਿਤੀ:- 09.08.2018

ਕੋਮਲ ਸਿੰਘ (ਲੋਕ ਸੰਪਰਕ ਦਫ਼ਤਰ)
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner